Original with:
Language Department P
Digitized by:
Panjab Digital Library

*Original with:*
Language Department Punjab
*Digitized by:*
Panjab Digital Library

੨੯੧੦-੫

ਫਾਰਸੀ ਅਤੇ ਕਿਸ ~~[illegible]~~ ਹਰਨਾਮ

ਹਰਨਾਮ ਸਿੰਘ

*Original with:*
Language Department Punjab
*Digitized by:*
Panjab Digital Library

*Original with:*
Language Department Punjab
*Digitized by:*
Panjab Digital Library

( 2 )

੧ ਓ ਸਤਿਨਾਮ

26906
26906

## ਬਾਰਾਂਮਾਂਹ

# ਦਿਲ ਫਰਾਕ

ਜਿਸਨੂੰ

## ਦਾਸ ਠਾਕਰ ਸਿੰਘ ਸੰਤਰੀ ਬੋਰਡ
## ਕੋਲਾ ਲਿਮਪੁਰ ਮੁਲਕ ਮਲਾਯਾ

ਨੇ

ਬੜੇ ਪ੍ਰੇਮ ਨਾਲ ਤਿਆਰ ਕੀਤਾ

---

ਪੰਜਾਬ ਕੁਮਰਸ਼ਲਪਰੇਸ ਅੰਮ੍ਰਤਸਰ ਵਿਚ
ਭਾਈ ਰਲਾ ਸਿੰਘ ਮੈਨੇਜਰ ਦੇ ਯਤਨ ਨਾਲ ਛਪਿਆ ॥

ਪੈਹਲੀ ਵਾਰ      ਮੋਖ -)

*Original with:*
Language Department Punjab
*Digitized by:*
Panjab Digital Library

੧ ੴ ਸਤਿਗੁਰਪ੍ਰਸਾਦਿ ॥

ਚੜ੍ਹਦੇ ਚੇਤਰ ਚਿੰਤਾ ਲਗ ਗਈ ਕੀ ਤਦਬੀਰ ਬਨਾਵਾਂ ਮੈਂ। ਮੁਲਕ ਮਾਹੀਦਾ ਦੂਰ ਸੁਣੀਦਾ ਕਿਸਬਿਦ ਖਬਰ ਪੁਚਾਵਾਂ ਮੈਂ। ਪੰਦਰਾਂ ਬਰਸਦੀ ਖਰੀ ਅਞਾਣੀ ਮਾਪਿਆਂ ਤੋ ਸ਼ਰਮਾਵਾਂ ਮੈਂ। ਠਾਕਰ ਸਿੰਘਾ ਇਸ ਮਤਲਬਨੂੰ ਕੀਕਰ ਜਲਦੀ ਪਾਵਾਂ ਮੈ।

ਚੜ੍ਹੇ ਵਸਾਖ ਵਸਾਰ ਨਾ ਛੋਡੀ ਉਮਰੋ ਮੈ ਹੁਸ਼ਿਆਰ ਹੋਈ। ਡਾਲੀ ਵੇ ਡਾਲੀ ਲਗ ਗੈ ਫੁਲੜੇ ਗੁਲਸ਼ਨ ਵਿਚ ਬਹਾਰ ਹੋਈ। ਚਿੜੀਆਂ ਤੋਤੇ ਕਰਨ ਕਲੋਲਾਂ ਪਿੰਜਰੇ ਵਿਚ ਪੁਕਾਰ ਹੋਈ। ਠਾਕਰ ਸਿੰਘਾ ਇਕ ਜਿੰਦ ਮੇਰੀ ਤੇਰੇ ਬਾਜ ਲਚਾਰ ਹੋਈ।

ਚੜ੍ਹਦੇ ਜੇਠ ਜਿਗਰ ਵਿਚ ਮੇਰੇ ਛੁਟ

Original with:
Language Department Punjab
Digitized by:
Panjab Digital Library

ਗ ਤੀਰ ਜੁਦਾਈਆਂ ਦੇ। ਰੋਂਦਿਆਂ ਧੋਂਦਿ ਆਂ ਨੀਰ ਨਾ ਸੁਕਦੇ ਜ਼ਾਲਮ ਨੈਨ ਕਸਾਈਆਂ ਦੇ। ਕਿਸਮਤ ਮੇਰੀ ਰੋਸ਼ਨ ਨ ਹੋਈ ਵਸ ਨਹੀ ਕੁਛ ਮਾਈਆਂ ਦੇ। ਠਾਕਰ ਸਿੰਘਾ ਤੇਰੇ ਬਦਲੇ ਬੋਲ ਸਵਾਂਭਰ ਜਾਈਆਂ ਦੇ।

ਚੜ੍ਹਦੇ ਹਾੜ ਘਤਾਂ ਮੈਂ ਹਾੜੇ ਆ ਮਿਲ ਕੂੰਜ ਨਮਾਣੀ ਨੂੰ। ਡਾਢੀਆਂ ਧੁਪਾ ਮੁਸ਼ਕਲ ਪੈਂਡੇ ਤਰਸ ਰਹੀ ਘੁਟ ਪਾਣੀ ਨੂੰ। ਕਤ ਕਤ ਚਰਖੇ ਕਮਲੀ ਹੋ ਗਈ ਸੂਤ ਨ ਮਿਲਿਆ ਤਾਣੀ ਨੂੰ। ਠਾਕਰ ਸਿੰਘਾ ਪਛੋਤਾਵੇਂਗਾ ਪਿਲੀ ਉਮਰ ਵਿਹਾਣੀ ਨੂੰ।

ਚੜ੍ਹਦੇ ਸਾਂਵਣ ਸਈਆਂ ਰਲ ਕੇ ਸਾਂਵੇ ਖੇਡਨ ਗਈਆਂ ਵੇ। ਕਾਲੀਆਂ ਘਟਾਂ ਵਿਚ ਉਡਦੇ ਬਗਲੇ ਛਮ ਛਮ ਬੂੰਦਾਂ ਪਈਆਂ ਵੇ। ਰੇਲ ਗਡੀ ਦੀ ਘੰਟੀ ਹੋ ਗ

Original with:
Language Department Punjab
Digitized by:
Panjab Digital Library

ਈਸਭਨਾਂ ਟਿਕਟ ਲਈਆਂ ਵੇ। ਠਾਕਰ ਸਿੰਘਾ ਇਕ ਮੈਂ ਰੈਹਗਈ ਹੋਰ ਸਭੇ ਚੜ ਗਈਆਂ ਵੇ।

ਚੜਦੇ ਭਾਦ੍ਰੋਂ ਭੇਜ ਕਿਸਨੂੰ ਮੇਰੀ ਖਬਰਪੁਚਾ ਦੇਵੇ। ਗਲ ਵਿਚ ਪਲਾਹਬ ਜੋੜਕੇ ਸਿਰ ਕਦਮਾਂ ਤੇ ਲਾ ਦੇਵੇ। ਮੈਂ ਵੇ ਕਮੀਨੀ ਆਜਜ਼ ਦੀ ਸਾਰੀ ਗਲ ਸਮਝਾ ਦੇਵੇ। ਠਾਕਰ ਸਿੰਘਾ ਹੋਵਿਚ ਜਾਮਨ ਜੇ ਰਬ ਆਸ ਪੁਚਾ ਦੇਵੇ।

ਚੜਦੇ ਅਸੂ ਆਸ ਦਿਲੇਦੀ ਜੇ ਪੂਰੀ ਹੋਵੇ ਮੇਰੀ ਵੇ। ਸੂਲ ਫਰਾਕ ਸਤਾਦਾ ਹਰ ਦਮ ਦਰਦ ਗਮਾਂ ਨੇ ਘੇਰੀ ਵੇ। ਜ਼ਾਲਮ ਇਸ਼ਕ ਟਿਕਣ ਨਾਂ ਦੇਂਦਾ ਛੁਟੀ ਦਰਦ ਅੰਧੇਰੀ ਵੇ। ਠਾਕਰ ਸਿੰਘਾ ਕਸਮ ਗੁਰੂ ਦੀ ਤੂੰ ਮੇਰਾ ਮੈਂ ਤੇਰੀ ਵੇ।

ਚੜਦੇ ਕਤੇ ਕੰਤ ਨਾ ਮਿਲਿਆਪੀਆ

Original with:
Language Department Punjab
Digitized by:
Panjab Digital Library

ਬਾਝ ਅਕੱਲੀ ਜੇ। ਖੂਨ ਬਦਨ ਦਾ ਸੁਕਦਾ ਜਾਂਦਾ ਜਾਨ ਅਜਲ ਮੂ ਚਲੀਜੇ। ਮੁਦਤ ਹੋਗਈ ਨੈਨ ਤਰਸ ਦੇ ਹੁਣ ਮੈਂ ਹੋਗਈ ਝੱਲੀ ਜੇ। ਠਾਕਰ ਸਿੰਘਾ ਪੇਸ਼ ਨਾ ਜਾਵੇ ਗਲੀ ਸਬਰ ਦੀ ਮੱਲੀ ਜ।

ਚੜਦੇ ਮਗਰ ਮਾਤਾ ਮੇਰੀ ਮੱਤੀ ਦੇਦੇ ਹਾਰੀ ਨੀ। ਛੋਟੀ ਉਮਰ ਨਦਾਨ ਬੱਚੀ ਤੂੰ ਇਸ਼ਕ ਮੁਸੀਬਤ ਭਾਰੀ ਨੀ। ਬਾਦਲ ਗਰਜੇ ਬਿਜਲੀ ਚਮਕੇ ਨੈ ਵਿਚ ਵੜੀ ਖੁਵਾਰੀ ਨੀ। ਠਾਕਰ ਸਿੰਘਾ ਭੁਲਕੇ ਲਾਈਆਂ ਮੈਂ ਪਾਪਣ ਹਤਿਆਰੀ ਨੀ।

ਚੜਦੇ ਪੋਹ ਪਾਵੇ ਔਸੀਆਂ ਨਾਲੇ ਕਾਗ ਉਡਾਵੇ ਨੀ। ਮਾਂ ਮੇਰੀ ਨੂੰ ਕਾਸਦ ਆਕੇ ਚਿਠੀ ਹਥ ਫੜਾਵੇ ਨੀ। ਇਕ ਮਹੀਨੇ ਤਾਈਂ ਛੋਹਰੇ ਦਿਲਬਰ ਤੇਰਾ ਆਵੇ ਨੀ। ਠਾਕਰ ਸਿੰਘਾ ਇਸ ਬੇੜੇ ਨੂੰ

Original with:
Language Department Punjab
Digitized by:
Panjab Digital Library

ਸਤਗੁਰ ਬੰਨੇ ਲਾਵੇ ਨੀ ।

ਚੜ੍ਹਦੇ ਮਾਘ ਮਾਹੀ ਮੇਰੇ ਦੀਆਂ ਅਗ ਤੀਖਬਰਾਂ ਆਈਯਾਂ ਨੀ। ਰਲਮਿਲ ਸੱਯ ਗੀਤ ਗੌਂਦੀਆਂ ਬੈਕੇ ਦੇਣ ਵਧਾਈ ਯਾਂ ਨੀ। ਮਾਂ ਪਿਓ ਭੈਣਾਂ ਭਾਈ ਕੌੜਮਾਂ ਸਬਦਿਲ ਖੁਸ਼ੀਆਂ ਆਈਯਾਂ ਨੀ। ਠਾਕਰ ਸਿੰਘਾਂ ਸ਼ਗਨ ਮਨਾਏ ਸਬਨਾ ਦਾਰੀਆਂ ਤਾਈਯਾਂ ਨੀ।

ਚੜ੍ਹਦੇ ਫਗਣ ਫੁਲਦੇ ਮੋਤੀ ਚੁਨ ੨ ਛੇਜ ਵਛਾਵਾਂ ਗੀ। ਹਥ ਸੋਹਣੇ ਦਾ ਖਾਸ ਪਕੜਕੇ ਉਪਰ ਛੇਜ ਬਹਾਵਾਂ ਗੀ। ਹਾਰ ਸ਼ਿੰਘਾਰ ਲਗਾਕੇ ਸਾਰਾ ਪਾਸ ਪੀਆ ਦੇ ਜਾਵਾਂ ਗੀ। ਠਾਕਰ ਸਿੰਘਾ ਅਰਜ਼ ਕਰਾਂ ਗੀ ਛਾਤੀ ਨਾਲ ਲਗਾਵਾਂ ਗੀ।

ਲੌਂਦਮਹੀਨੇ ਲਗਾ ਰਾਈਯਾਂਝੜੀਆਂ ਪੈਂਦੀ ਖੂਬ ਪੂਹਾਰ ਕੜੇ। ਖਬੀ ਤਰਫੋਂ

ਹੋ ਬੈਠੀ ਸੱਜੀ ਤਰਫੋ ਯਾਰ ਕੁੜੇ। ਅਜ
ਸੁਹਾਗਣ ਹੋਗਈ ਸਯੋ ਮੰਭ ਲਿਆ
ਘਰਬਾਰ ਕੁੜੇ। ਠਾਕਰ ਸਿੰਘਾ ਲੁਟਲੈ
ਮੌਜਾਂ ਜੀਉਣਾ ਚਾਰ ਦਿਹਾੜ ਕੁੜੇ।

## ਬੇਨਤੀ

ਪਿਆਰੇ ਸਜਨੋ ਯੇਹ ਕਤਾਬ ਹਕ
ਤਸਨੀਫ ਹੈ ਕੋਈ ਸਾਹਿਬ ਕਮੋ ਬੇਸ਼
ਕਰਕੇ ਬਗੈਰ ਅਜ਼ਾਜਤ ਨਾ ਛਾਪੇ ਔਰ
ਨਾ ਛਪਾਵੇ ਵਰਨਾ ਨੁਕਸ਼ਾਨ ਉਠਾਵੇਗਾ
ਹੋਰ ੩ ਮਹੀਨੇਨੂੰ ਮਾਹਰਫਤ ਵਿਚਬੈਂਤ
ਵੀ ਤਿਆਰ ਹੋ ਜਾਣਗੇ

Original with:
Language Department Punjab
Digitized by:
Panjab Digital Library

ਹਦ ਦਰਜੇ ਦੀ ਸਸਤੀ ਤੇ ਵਕਤ ਦੇਣ ਵਾਲੀ ਘੜੀ

# ਰੇਲਵੇ ਰੈਗੂਲੇਟਰ



ਏਸ ਘੜੀ ਦੇ ਪੁਰਜੇ ਕਾਰੀ ਗਰ ਨੇ ਬੜੇ ਪੱਕੇ ਲੋਹੇ ਦੇ ਐਸੀ ਰੀਤੀ ਨਾਲ ਕੇਸ ਵਿਚ ਬੰਦ ਕੀਤੇ ਹਨ ਕਿ ਜਿਨਾਂ ਨੂੰ ਕਿਸੇ ਤਰਾਂ ਦੀ ਜ਼ਰਬ ਨਹੀਂ ਪਹੁੰਚ ਦੀ ਅਚਾਨਕ ਸਟ ਲਗ ਜਾਣ ਤੇ ਬੀ ਕਦੀ ਨਹੀਂ ਬਿਗੜ ਦੀ ਅਰ ਘੋੜੇ ਦੀ ਅਸਵਾਰੀ ਪਰ ਬੀ ਬੰਦ ਨਹੀ ਹੁੰਦੀ। ਕੀਮਤ ੩) ਗਰੰਟੀ ੬ ਸਾਲ।

ਅਜ ਤਕ ਅਨੇਕਾਂ ਘੜੀਆਂ ਵਿਕ ਚੁਕੀਆਂ ਹਨ ਪਾਠਕ ਜੀ ਤੁਸੀ ਵੀ ਇਕ ਘੜੀ ਮੰਗਵਾਕੇ ਅਜਮਾਵੋ।

ਪਤਾ—ਮੰਗਾਉਣ ਦਾ

## ਭਾਈ ਚਤਰ ਸਿੰਘ ਜੀਵਨ ਸਿੰਘ
## ਪੁਸਤਕਾਂ ਵਾਲੇ ਬਜਾਰ ਮਾਈ ਸੇਵਾਂ
## ਅੰਮ੍ਰਤਸਰ

Original with:
Language Department Punjab
Digitized by:
Panjab Digital Library

Original with:
Language Department Punjab
Digitized by:
Panjab Digital Library

Original with:
Language Department Punjab
Digitized by:
Panjab Digital Library